بِسۡمِ اللّٰہِ الرَّحۡمٰنِ الرَّحِیۡمِ نَحۡمَدُہٗ وَنُصَلِّیۡ عَلٰی رَسُوۡلِہِ الۡکَرِیۡمِ وَعَلٰی عَبۡدِہِ الۡمَسِیۡحِ الۡمَوۡعُوۡدِ

# ਖ਼ੁਲਾਸਾ ਖ਼ੁਤਬਾ ਜੁਮਆ 21.10.2016

**ਵੱਲੋਂ : ਨਜ਼ਾਰਤ ਨਸ਼ਰੋ ਇਸ਼ਾਅਤ ਕਾਦੀਆਂ**

ਜਮਾਤ ਅਹਦੀਆ ਦੇ ਦੋ ਲੰਮੇ ਸਮੇਂ ਤੋਂ ਖ਼ਾਦਮ (ਸੇਵਕ) ਮੁਕਰੱਮ ਬਸ਼ੀਰ ਅਹਮਦ ਰਫ਼ੀਕ ਖ਼ਾਨ ਸਾਹਬ ਮੁਬਲੱਗ਼ ਸਿਲਸਿਲਾ ਅਤੇ ਮੁਕਰੱਮਾ ਡਾਕਟਰ ਨੁਸਰਤ ਜਹਾਂ ਸਾਹਿਬਾ ਗਾਇਨਾਕਾਲੋਜਿਸਟ ਫ਼ਜ਼ਲੇ ਉਮਰ ਹਸਪਤਾਲ ਰਬਵਾਹ ਦੇ ਸਦਗੁਣਾ ਦਾ ਵਰਨਣ

**ਸਯੱਦਨਾ ਹਜ਼ਰਤ ਅਮੀਰੁਲ ਮੋਮਿਨੀਨ ਖ਼ਲੀਫ਼ਾਤੁਲ ਮਸੀਹ ਖ਼ਾਮਿਸ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਦੇ ਜੁਮਏ ਦੇ ਖ਼ੁਤਬੇ ਦਾ ਸਾਰ ਜੋ ਆਪ ਜੀ ਨੇ 21 ਅਕਤੂਬਰ 2016 ਈ. ਨੂੰ ਕੈਨੇਡਾ ਵਿੱਚ ਦਿੱਤਾ ।**

ਤਸ਼ੱਹੁਦ, ਤਊਜ਼ ਅਤੇ ਸੂਰਤ ਫ਼ਾਤਿਹਾ ਦੀ ਤਲਾਵਤ ਦੇ ਬਾਦ ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਨੇ ਫ਼ਰਮਾਇਆ :

ਅੱਜ ਮੈਂ ਜਮਾਤ ਅਹਮਦੀਆ ਦੇ ਦੋ ਖ਼ਾਦਮਾ (ਸੇਵਕਾਂ) ਦਾ ਵਰਨਣ ਕਰਾਂਗਾ ਜਿੰਨ੍ਹਾ ਦੀ ਬੀਤੇ ਦਿਨੀ ਵਫ਼ਾਤ ਹੋ ਗਈ ਹੈ । ਇਹਨਾਂ ਵਿੱਚੋਂ ਇਕ ਮੁਕਰੱਮ ਬਸ਼ੀਰ ਅਹਮਦ ਰਫ਼ੀਕ ਖ਼ਾਨ ਸਾਹਬ ਹਨ ਅਤੇ ਦੂਜੀ ਫ਼ਜ਼ਲੇ ਉਮਰ ਹਸਪਤਾਲ ਦੇ ਗਾਈਨੀ ਵਿਭਾਗ ਦੀ ਡਾਕਟਰ ਨੁਸਰਤ ਜਹਾਂ ਸਾਹਿਬਾ ਹਨ । ਜੋ ਇੰਸਾਨ ਵੀ ਦੁਨੀਆ ਵਿੱਚ ਆਇਆ ਉਸ ਨੇ ਇਕ ਦਿਨ ਏਥੋ ਪਰਤਨਾ ਹੈ ਪਰ ਖ਼ੁਸ਼ਕਿਸਮਤ ਹੁੰਦੇ ਹਨ ਉਹ ਜਿੰਨ੍ਹਾ ਨੂੰ ਰੱਬ ਧਰਮ ਦੀ ਸੇਵਾ ਦਾ ਵੀ ਮੌਕਾ ਪ੍ਰਦਾਨ ਕਰੇ ਅਤੇ ਮਨੁਖੱਤਾ ਦੀ ਸੇਵਾ ਦਾ ਸੰਜੋਗ ਵੀ ਪ੍ਰਦਾਨ ਕਰੇ । ਬਸ਼ੀਰ ਰਫ਼ੀਕ ਖ਼ਾਨ ਸਾਹਿਬ ਪੁਰਾਣੇ ਚਿਰਾਂ ਤੋਂ ਜਮਾਤ ਦੇ ਸੇਵਕ ਤੇ ਮੁਬਲੱਗ ਸਨ ਫਿਰ ਵੱਖ ਵੱਖ ਪ੍ਰਬੰਧਕੀ ਕਾਰਜਾਂ ਵਿੱਚ ਵੀ ਇਹਨਾਂ ਨੂੰ ਨਿਯੁਕਤ ਕੀਤਾ ਗਿਆ । ਬਹੁਤ ਸੁਚੱਜੇ ਢੰਗ ਨਾਲ ਆਪਣੇ ਕਰਤਵਾਂ ਨੂੰ ਨੇਪਰੇ ਚਾੜ੍ਹਦੇ ਰਹੇ, ਇਹਨਾ ਦਾ 11 ਅਕਤੂਬਰ 2016 ਈ. ਨੂੰ 85 ਸਾਲ ਦੀ ਉਮਰ ਵਿੱਚ ਲੰਦਨ ਵਿੱਚ ਸਵਰਗਵਾਸ ਹੋਇਆ । (إِنَّا لِلّٰهِ وَإِنَّا إِلَيْهِ رَاجِعُونَ) ਇਨੱਾ ਲਿਲੱਾਹਿ ਵ ਇਨੱਾ ਇਲੈਹਿ ਰਾਜਿਊਨ । ਇਹਨਾਂ ਨੇ ਪੰਜਾਬ ਯੂਨੀਵਰਸਿਟੀ ਤੋਂ ਬੀ.ਏ. ਕੀਤੀ ਫਿਰ ਸ਼ਾਹਿਦ ਦੀ ਡਿਗਰੀ ਜਾਮਿਆਤੁਲ ਮੁਬਸ਼ੱਰੀਨ ਤੋ 1958 ਈ. ਵਿੱਚ ਹਾਸਲ ਕੀਤੀ । ਇਹਨਾਂ ਦੀ ਮਾਤਾ ਦਾ ਨਾਂ ਫ਼ਾਤਮਾ ਬੀਬੀ ਸੀ ਜੋ ਹਜ਼ਰਤ ਮੌਲਵੀ ਮੁਹਮੱਦ ਇਲਯਾਸ ਖ਼ਾਨ ਸਾਹਬ ਸਹਾਬੀ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੀ ਵੱਡੀ ਪੁਤਰੀ ਸਨ । ਇਹਨਾਂ ਦੇ ਪਿਤਾ ਦਾ ਨਾਂ ਦਾਨਿਸ਼ਮੰਦ ਖਾਂਨ ਸੀ । ਉਹ 1890 ਈ. ਦੇ ਲਗਭਗ ਪੈਦਾ ਹੋਏ ਅਤੇ ਉਹ ਸਾਹਿਬੇ ਰੋਯਾ ਕੁਸ਼ੂਫ਼ ਤੇ ਦਿਵਦ੍ਰਿਸ਼ਟਾ ਵਿਅਕਤੀ ਸਨ । ਬਸ਼ੀਰ ਰਫ਼ੀਕ ਖ਼ਾਨ ਪੈਦਾਇਸ਼ੀ ਅਹਮਦੀ ਸਨ । ਆਪਦੇ ਪਿਤਾ ਨੇ 1921 ਈ. ਵਿੱਚ ਅਹਮਦੀਅਤ ਕੁਬੂਲ ਕੀਤੀ ਸੀ ਜਿਸ'ਤੇ ਗ੍ਰਾਮ ਵਾਸੀਆਂ ਨੇ ਆਪ ਦਾ ਬਾਈਕਾਟ ਵੀ ਕਰ ਦਿੱਤਾ । ਰੱਬ ਉਹਨਾਂ ਨੂੰ ਆਪਣੀਆਂ ਰਹਿਮਤਾਂ ਨਾ ਨਿਵਾਜੇ ਅਤੇ ਉਹਨਾਂ ਦੀ ਸਾਰੀ ਸੰਤਾਨ ਨੂੰ ਵੀ ਉਹਨਾਂ ਦਾ ਹਕੀਕੀ ਵਾਰਸ ਬਣਾਏ । ਇਹਨਾਂ ਦਾ ਵਿਆਹ 1956 ਈ. ਵਿੱਚ ਹੋਇਆ । ਇਹਨਾ ਦੀ ਸੰਤਾਨ ਵਿੱਚ ਤਿੰਨ ਪੁਤੱਰ ਅਤੇ ਤਿੰਨ ਪੁਤੱਰੀਆਂ ਹਨ ।

1945 ਈ. ਵਿੱਚ ਖ਼ਾਨ ਸਾਹਬ ਤਾਲੀਮੁਲ ਇਸਲਾਮ ਹਾਈ ਸਕੂਲ ਕਾਦੀਆਂ ਵਿੱਚ ਦਾਖ਼ਲ ਹੋਏ ਅਤੇ ਉਸ ਸਮੇਂ ਇਹਨਾਂ ਦੀ ਉਮਰ 14 ਸਾਲ ਸੀ । ਇਹਨਾਂ ਹੀ ਦਿਨਾਂ ਵਿੱਚ ਇਕ ਖ਼ੁਤਬੇ ਵਿੱਚ ਹਜ਼ਰਤ ਮੁਸਲਿਹ ਮੌਊਦ ਰਜ਼ੀ ਅਲੱਾਹ ਅਨਹੁ ਨੇ ਨੌਜੁਆਨਾ ਨੂੰ ਜੀਵਨ ਵਕਫ਼ ਕਰਨ ਲਈ ਤਹਿਰੀਕ ਕੀਤੀ । ਸੋ, ਨਮਾਜ਼ ਜੁਮਆ ਖ਼ਤਮ ਹੁੰਦਿਆਂ ਹੀ ਕਈ ਨੌਜੁਆਨਾ ਨੇ ਆਪਣੇ ਨਾਂ ਪੇਸ਼ ਕੀਤੇ ਅਤੇ ਉਹਨਾਂ ਖ਼ੁਸ਼ਨਸੀਬ ਨੌਜੁਆਨਾਂ ਵਿੱਚ ਇਹ ਵੀ ਸ਼ਾਮਲ ਸਨ । ਹਜ਼ਰਤ ਮੁਸਲਿਹ ਮੌਊਦ ਰਜ਼ੀ ਅਲੱਾਹ ਅਨਹੁ ਦੇ ਆਦੇਸ਼ ਹੇਠ ਬੀ.ਏ. ਕੀਤੀ । ਇਸ ਦੇ ਬਾਦ ਹਜ਼ਰਤ ਮੁਸਲਿਹ ਮੌਊਦ ਰਜ਼ੀ ਅਲੱਾਹ ਅਨਹੁ ਨੇ ਫ਼ਰਮਾਇਆ ਕਿ ਜਾਮਿਆ ਵਿੱਚ ਦਾਖ਼ਲ ਹੋ ਜਾਓ ਅਤੇ ਸ਼ਾਹਿਦ ਦੀ ਡਿਗਰੀ ਹਾਸਲ ਕਰੋ, ਮੇਰੀ ਇਛੱਾ ਹੈ ਕਿ ਤੁਹਾਨੂੰ ਮੈਦਾਨੇ ਤਬਲੀਗ਼ ਵਿੱਚ ਭਿਜਵਾਇਆ ਜਾਵੇ । ਹਜ਼ਰਤ ਖ਼ਲੀਫ਼ਾਤੁਲ ਮਸੀਹ ਸਾਨੀ ਨੇ ਵਿਸ਼ੇਸ਼ ਰੂਪ ਵਿੱਚ ਇਸ ਵੱਲ ਧਿਆਨ ਦੁਆਇਆ ਕਿ ਹਰ ਵਿਦਿਆਰਥੀ ਨੂੰ ਆਪਣੀ ਲਾਇਬ੍ਰੇਰੀ ਬਣਾਉਣੀ ਚਾਹੀਦੀ ਹੈ ਅਤੇ ਕਿਤਾਬਾਂ ਖ਼ਰੀਦਨ ਦੀ ਆਦਤ ਬਨਾਉਣੀ ਚਾਹੀਦੀ ਹੈ ਅਤੇ ਇਹ ਗੱਲ ਅਜਿਹੀ ਸੀ ਜੋ ਹਰ ਜਾਮਿਆ ਦੇ ਵਿਦਿਆਰਥੀ ਨੂੰ ਹਮੇਸ਼ਾ ਚੇਤੇ ਰਖੱਣੀ ਚਾਹੀਦੀ ਹੈ । ਹੁਣ ਦੁਨੀਆ ਵਿੱਚ ਬੇਸ਼ੁਮਾਰ ਹੀ ਜਾਮਿਆ ਹਨ, ਜੀਵਨ ਵਕਫ਼ ਕਰਨ ਵਾਲੇ ਹਨ ਉਹਨਾਂ ਨੂੰ ਆਪਣੀਆਂ ਲਾਇਬ੍ਰੇਰੀਆਂ ਬਨਾਉਣੀਆਂ ਚਾਹੀਦੀਆਂ ਹਨ । ਬੀਤੇ ਦਿਨੀ ਮੁਰੱਬੀਆਂ ਦੀ ਮੀਟਿੰਗ ਸੀ ਲੰਦਨ ਵਿੱਚ ਮੈਂ ਓਥੇ ਵੀ ਉਹਨਾਂ ਨੂੰ ਕਿਹਾ ਸੀ ਕਿ ਮੁਰੱਬੀਆਂ ਦੀ ਆਪਣੀ ਲਾਇਬ੍ਰੇਰੀ ਵੀ ਹੋਣੀ ਚਾਹੀਦੀ ਹੈ । ਕੇਵਲ ਜਮਾਤ ਦੀਆਂ ਲਾਇਬ੍ਰੇਰੀਆਂ ਉਪੱਰ ਨ ਨਿਰਭਰ ਰਹਿਣ । ਕਹਿੰਦੇ ਹਨ ਜਾਮਿਆਤੁਲ ਮੁਬੱਸ਼ਰੀਨ ਦੀ ਪਾਠਸ਼ਾਲਾ ਤੋਂ ਸ਼ਾਹਿਦ ਦੀ ਡਿਗਰੀ ਲੈਕੇ ਮੈਂ ਵਕਾਲਤੇ ਤਬਸ਼ੀਰ ਵਿੱਚ ਹਾਜ਼ਰ ਹੋ ਗਿਆ । ਮੁਕਰੱਮ ਮਿਰਜ਼ਾ ਮੁਬਾਰਕ ਅਹਮਦ ਸਾਹਬ ਵਕੀਲੇ ਤਬਸ਼ੀਰ ਸਨ । ਮੈਂਨੂੰ ਹਜ਼ਰਤ ਖ਼ਲੀਫ਼ਾਤੁਲ ਮਸੀਹ ਸਾਨੀ ਰਜ਼ੀ ਅਲੱਾਹ ਅਨਹੁ ਦੇ ਕੋਲ ਲੈ ਗਏ ਤਾਂ ਆਪ ਨੇ ਫ਼ਰਮਾਇਆ ਕਿ ਇਸ ਨੂੰ ਇੰਗਲਿਸਤਾਨ (ਲੰਦਨ) ਭੇਜ ਦਿਤੱਾ ਜਾਵੇ । ਫਿਰ ਕਹਿੰਦੇ ਹਨ ਇੰਗਲਿਸਤਾਨ (ਇੰਗਲੈਂਡ) ਜਾਣ ਲਈ ਵੀ ਮੈਂਨੂੰ ਵਕੀਲ ਸਾਹਬ ਆਪਣੇ ਨਾਲ ਲੈ ਗਏ । ਹਜ਼ਰਤ ਖ਼ਲੀਫ਼ਾਤੁਲ ਮਸੀਹ ਸਾਨੀ ਨਾਲ ਮੁਲਾਕਾਤ ਹੋਈ ਅਤੇ ਵਿਸਥਾਰ ਪੂਰਵਕ ਨਿਰਦੇਸ਼ ਲਿਖਵਾਏ ਹਜ਼ਰਤ ਖ਼ਲੀਫ਼ਾਤੁਲ ਮਸੀਹ ਸਾਨੀ ਰਜ਼ੀ ਅਲੱਾਹ ਅਨਹੁ ਨੇ, ਦੁਆਵਾਂ ਦਿੱਤੀਆਂ ਰਵਾਨਾ ਕੀਤਾ ਗੱਲਵਕੜੀ ਪਾਈ ਅਤੇ ਓਥੇ ਪਹੁੰਚ ਕੇ 1959 ਈ. ਵਿੱਚ ਆਪ ਦੀ ਨਿਯੁਕਤੀ ਹੋਈ ਅਤੇ ਮਸਜਿਦ ਫ਼ਜ਼ਲ ਵਿੱਚ ਲੰਦਨ ਵਿੱਚ ਨਾਇਬ ਇਮਾਮ ਦੇ ਰੂਪ ਵਿੱਚ ਸੇਵਾ ਦਾ ਕਾਰਜ ਅਰੰਭ ਹੋਇਆ ।

1964 ਈ. ਵਿੱਚ ਮੁਕਰੱਮ ਚੌਧਰੀ ਰਹਮਤ ਖ਼ਾਨ ਸਾਹਬ ਜੋ ਓਥੇ ਲੰਦਨ ਮਸਜਿਦ ਦੇ ਇਮਾਮ ਸਨ, ਉਹ ਬਿਮਾਰੀ ਕਰਕੇ ਵਾਪਸ ਪਰਤ ਆਏ ਤਾਂ ਇਹਨਾਂ ਨੂੰ ਮਸਜਿਦ ਫ਼ਜ਼ਲ ਦਾ ਇਮਾਮ ਨਿਯੁਕਤ ਕੀਤਾ ਗਿਆ । 1960 ਈ. ਵਿੱਚ ਬਸ਼ੀਰ ਰਫ਼ੀਕ ਸਾਹਬ ਨੇ ਅੰਗ੍ਰੇਜ਼ੀ ਮੈਗ਼ਜ਼ੀਨ 'ਮੁਸਲਿਮ ਹੇਅਰਲਡ' ਵੀ ਅਰੰਭ ਕੀਤਾ ਅਤੇ ਅਰੰਭ ਵਿੱਚ ਦੱਸ ਪੰਨ੍ਹਿਆਂ ਉਪੱਰ ਅਧਾਰਤ ਸੀ । ਐਡੀਟਰ ਵੀ ਆਪ ਸਨ ਅਤੇ ਬਾਕੀ ਦੇ ਸਾਰੇ ਕੰਮ ਵੀ ਆਪ ਕਰਦੇ ਸਨ । 1962 ਈ. ਵਿੱਚ ਹਜ਼ਰਤ ਸਾਹਿਬਜ਼ਾਦਾ ਮਿਰਜ਼ਾ ਬਸ਼ੀਰ ਅਹਮਦ ਸਾਹਬ ਦੀ ਤਹਿਰੀਕ'ਤੇ ਅਬਾਰ ਅਹਮਦੀਆ ਦੇ ਨਾਂ ਨਾਲ ਪੰਦਰਵਾੜ੍ਹਾ ਅਖ਼ਬਾਰ ਪ੍ਰਕਾਸ਼ਤ ਕਰਨਾ ਸ਼ੁਰੂ ਕੀਤਾ । ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੇ ਜਾਰੀ ਕੀਤੇ ਰਸਾਲੇ 'ਰੀਵੀਯੂ ਆਫ਼ ਰਿਲੀਜੰਜ਼' ਦੇ ਅਦਾਰੀਏ ਲਿਖੱਣ ਦਾ ਵੀ ਸਨਮਾਨ ਪ੍ਰਾਪਤ ਹੋਇਆ । ਹਜ਼ਰਤ ਖ਼ਲੀਫ਼ਾਤੁਲ ਮਸੀਹ ਸਾਲਸ ਨੇ 1967 ਈ. ਤੋਂ ਲੈਕੇ ਆਪਣੇ ਖ਼ਿਲਾਫ਼ਤ ਦੇ ਦੌਰ ਵਿੱਚ ਯੂਰੋਪ ਦੇ ਅੱਠ ਦੌਰੇ ਕੀਤੇ ਇਹਨਾਂ ਵਿੱਚੋਂ ਸੱਤ ਦੌਰਿਆਂ ਵਿੱਚ ਮੌਲਾਨਾ ਬਸ਼ੀਰ ਅਹਮਦ ਰਫ਼ੀਕ ਸਾਹਬ ਹਜ਼ਰਤ ਖ਼ਲੀਫ਼ਾਤੁਲ ਮਸੀਹ ਸਾਲਸ ਦੇ ਕਾਫ਼ਲੇ (ਜੱਥੇ) ਵਿੱਚ ਸ਼ਾਮਲ ਰਹੇ । ਦੋ ਦੌਰਿਆਂ ਵਿੱਚ ਪ੍ਰਾਈਵੇਟ ਸੈਕ੍ਰੇਟਰੀ ਦੇ ਰੂਪ ਵਿੱਚ ਸ਼ਾਮਲ ਹੋਣ ਦੀ ਵੀ ਤੌਫ਼ੀਕ ਮਿਲੀ । 1970 ਈ. ਵਿੱਚ ਪਾਕਿਸਤਾਨ ਪਰਤ ਆਏ ਅਤੇ ਹਜ਼ਰਤ ਖ਼ਲੀਫ਼ਾਤੁਲ ਮਸੀਹ ਸਾਲਸ ਦੇ ਪ੍ਰਾਈਵੇਟ

ਸੈਕ੍ਰੇਟਰੀ ਦੇ ਰੂਪ ਵਿੱਚ ਨਿਯੁਕਤ ਹੋਏ । 1971 ਈ. ਵਿੱਚ ਫਿਰ ਲੰਦਨ ਵਾਪਸ ਆਏ ਅਤੇ ਇਮਾਮ ਦੇ ਰੂਪ ਵਿੱਚ ਆਪਣੀ ਸਾਬਕਾ ਜ਼ਿੰਮੇਦਾਰੀਆਂ ਮੁੜ੍ਹ ਸੰਭਾਲ ਲਈਆਂ । 1976 ਈ. ਵਿੱਚ ਹਜ਼ਰਤ ਖ਼ਲੀਫ਼ਾਤੁਲ ਮਸੀਹ ਸਾਲਸ ਦੇ ਨਾਲ ਬਤੌਰ ਉਹਨਾਂ ਦੇ ਪ੍ਰਾਈਵੇਟ ਸੈਕ੍ਰੇਟਰੀ ਅਮਰੀਕਾ ਤੇ ਕੈਨੇਡਾ ਦੇ ਦੌਰੇ ਉਪੱਰ ਜਾਣ ਦਾ ਵੀ ਸੰਜੋਗ ਪ੍ਰਾਪਤ ਹੋਇਆ । 1978 ਈ. ਵਿੱਚ ਹਜ਼ਰਤ ਖ਼ਲੀਫ਼ਾਤੁਲ ਮਸੀਹ ਸਾਲਸ ਮਈ 1978 ਈ. ਵਿੱਚ ਜੋ ਵਿਸ਼ਵਵਿਆਪੀ 'ਕਸਰੇ ਸਲੀਬ ਕਾਂਸਫ਼੍ਰੰਸ ਲੰਦਨ ਵਿੱਚ ਹੋਈ ਸੀ ਇਸ ਵਿੱਚ ਭਾਗ ਲੈਣ ਲਈ ਹਜ਼ਰਤ ਖ਼ਲੀਫ਼ਾਤੁਲ ਮਸੀਹ ਸਾਲਸ ਆਪ ਆਏ ਸਨ ਅਤੇ ਇਸ ਦੇ ਪ੍ਰਬੰਧਾ ਨੂੰ ਸਿਰੇ ਚੜ੍ਹਾਓਣ ਲਈ ਜਮਾਤ ਦੇ ਲੋਕਾਂ ਤੇ ਮਜਲਿਸੇ ਆਮਲਾ ਇੰਗਲਿਸਤਾਨ ਤੇ ਕਾਂਨਫ਼੍ਰੰਸ ਕਮੇਟੀ ਨੇ ਦਿਨ ਰਾਤ ਇਕ ਕਰਕੇ ਕੰਮ ਕੀਤਾ ਅਤੇ ਟੀਮ ਵਰਕ ਦੇ ਬਹੁਤ ਹੀ ਉਤੱਮ ਸਿੱਟੇ ਪ੍ਰਾਪਤ ਹੋਏ । 1964 ਈ. ਤੋਂ 1970 ਈ. ਅਤੇ ਫਿਰ 1971 ਈ. ਤੋਂ 1979 ਈ. ਇਮਾਮ ਮਸਜਿਦ ਲੰਦਨ ਰਹੇ । ਮੁਸਲਿਮ ਹੇਅਰਲਡ ਮੈਗ਼ਜ਼ੀਨ ਦੇ ਬਾਨੀ ਤੇ ਐਡੀਟਰ 1961 ਈ. ਤੋਂ 1979 ਈ., ਪ੍ਰਾਈਵੇਟ ਸੈਕ੍ਰੇਟਰੀ ਹਜ਼ਰਤ ਖ਼ਲੀਫ਼ਾਤੁਲ ਮਸੀਹ ਸਲਾਸ 1970 ਤੋਂ 1971 ਈ., ਫਿਰ ਨਵੰਬਰ 1985 ਈ. ਵਿੱਚ ਆਪ ਵਕੀਲੁੱਦੀਵਾਨ ਤਹਰੀਕੇ ਜਦੀਦ ਨਿਯੁਕਤ ਹੋਏ 1987ਈ. ਤੱਕ ਰਹੇ । ਵਕੀਲੁਤੱਸਨੀਫ਼ ਰਬਵਾਹ 1982ਈ ਤੋਂ 1985 ਈ. ਐਡੀਸ਼ਨਲ ਵਕੀਲੁਤੱਬਸ਼ੀਰ ਰਬਵਾਹ 1983 ਈ. 1984 ਈ. ਐਡੀਸ਼ਨਲ ਵਕੀਲੁਿਤੱਸਨੀਫ਼ ਲੰਦਨ 1987 ਈ. ਤੋਂ 1997ਈ. ਤੱਕ ਐਡੀਟਰ ਰੀਵੀਯੁ ਆਫ਼ ਰਿਲੀਜੰਜ਼ 1983 ਈ ਤੋਂ 1985 ਈ., ਚੇਅਰਮੈਨ ਬੋਰਡ ਆਫ਼ ਐਡੀਟਰਜ਼ ਰੀਵੀਯੁ ਆਫ਼ ਰਿਲੀਜੰਜ਼ 1988 ਈ. ਤੋਂ 1995 ਈ. ਮੈਂਬਰ ਸਦਰ ਅੰਜੁਮਨ ਅਹਮਦੀਆ ਪਾਕਿਸਤਾਨ 1971 ਈ. ਤੋਂ 1985ਈ. ਮੈਂਬਰ ਇਫ਼ਤਾਅ ਕਮੇਟੀ 1971 ਈ. ਤੋਂ 1973 ਈ, ਮੈਂਬਰ ਬੋਰਡ ਕਜ਼ਾ 1984 ਈ. ਤੋਂ 1987ਈ. ਅਤੇ ਇਸੇ ਪ੍ਰਕਾਰ ਕੁਝ ਸੰਸਾਰਕ ਪੋਸਟਾਂ ਵੀ ਸਨ ਜਿੰਨ੍ਹਾ'ਤੇ ਕੰਮ ਕਰਨ ਦਾ ਸੰਜੋਗ ਪ੍ਰਾਪਤ ਹੋਇਆ । ਮੈਂਬਰ ਸਨ ਅਤੇ ਰੋਟਰੀ ਕਲਬ ਦੇ ਵਾਇਸ ਪ੍ਰੈਜ਼ੀਡੈਂਟ ਸਨ, ਫਿਰ ਪ੍ਰੈਜ਼ੀਡੈਂਟ ਵੀ ਨਿਯੁਕਤ ਹੋਏ । 1968 ਈ. ਵਿੱਚ ਲਾਈਬੇਰੀਯਾ ਦੇ ਰਾਸ਼ਟਰਪਤੀ ਜਨਾਬ ਟਬਮੈਂਨ ਦੀ ਦਾਅਵਤ ਵਿੱਚ ਵਿਸ਼ੇਸ਼ ਮਹਿਮਾਨ ਦੇ ਰੂਪ ਵਿੱਚ ਉਹਨਾਂ ਨੂੰ ਬੁਲਾਇਆ ਗਿਆ ਅਤੇ ਲਾਈਬੇਰੀਯਾ ਦਾ ਏਜ਼ਾਜ਼ੀ ਚੀਫ਼ (ਆਨਰੇਰੀ ਮੁੱਖ) ਨਿਯੁਕਤ ਕੀਤਾ ਗਿਆ ।

ਇਹਨਾ ਦੇ ਪੁਤੱਰ ਲਿਖੱਦੇ ਹਨ ਕਿ ਬਹੁਤ ਬਕਾਇਦਗੀ ਨਾਲ ਤਹਜੁੱਦ ਪੜ੍ਹਦੇ ਅਤੇ ਬਹੁਤ ਵਿਵਸਥਤ ਢੰਗ ਨਾਲ ਦੁਆ ਕਰਦੇ ਏਥੋਂ ਤੱਕ ਕਿ ਨਾਂ ਲਿਖੱਕੇ ਦੁਆ ਕਰਦੇ ਤਾਂ ਜੋ ਕਿਸੇ ਦਾ ਨਾਂ ਭੁੱਲ ਨ ਜਾਣ । ਅਲੱਾਹ ਤਆਲਾ ਉਹਨਾ ਨਾਲ ਬਖਸ਼ਿਸ਼ ਤੇ ਰਹਿਮ ਦਾ ਸੁਲੂਕ ਕਰੇ ਅਤੇ ਉਹਨਾ ਦੇ ਦਰਜੇ ਬੁਲੰਦ ਕਰੇ ਅਤੇ ਉਹਨਾਂ ਦੀ ਸੰਤਾਨ ਨੂੰ ਵੀ ਨੇਕੀ ਤੇ ਵਫ਼ਾਦਾਰੀ ਨਾਲ ਜਮਾਤ ਨਾਲ ਸੰਬੰਧ ਬਣਾਈ ਰਖੱਣ ਅਤੇ ਉਹਨਾਂ ਦੇ ਪਦਚਿੰਨ੍ਹਾ ਉਪੱਰ ਚਲੱਣ ਦਾ ਸੰਜੋਗ ਪ੍ਰਦਾਨ ਕਰੇ ।

ਦੂਜਾ ਵਰਨਣ ਮੁਹਤਰਮਾ ਨੁਸਰਤ ਜਹਾਂ ਸਾਹਿਬਾ ਮਾਲਿਕ ਸਾਹਿਬਾ ਦਾ ਹੈ ਜੋ ਹਜ਼ਰਤ ਮੌਲਾਨਾ ਅਬਦੁਲ ਮਾਲਿਕ ਖ਼ਾਂਨ ਸਾਹਬ ਦੀ ਪੁਤੱਰੀ ਸਨ । 11 ਅਕਤੂਬਰ 2016 ਈ. ਨੂੰ ਲੰਦਨ ਵਿੱਚ ਸਵਰਗ ਸਿਧਾਰ ਗਈਂ । (إِنَّا لِلّٰهِ وَإِنَّا إِلَيْهِ رَاجِعُونَ) ਇਨੱਾ ਲਿਲੱਾਹਿ ਵ ਇਨੱਾ ਇਲੈਹਿ ਰਾਜਿਊਨ ।

ਇਹਨਾਂ ਦੀ ਪੈਦਾਇਸ਼ 15 ਅਕਤੂਬਰ 1951 ਈ. ਦੀ ਹੈ ਕਰਾਚੀ ਵਿੱਚ ਪੈਦਾ ਹੋਈ ਸਨ । ਡਾਕਟਰ ਨੁਸਰਤ ਜਹਾਂ ਸਾਹਿਬਾ ਦੇ ਪਿਤਾ ਮੌਲਾਨਾ ਅਬਦੁਲ ਮਾਲਿਕ ਖ਼ਾਨ ਸਾਹਬ ਵੀ ਪੁਰਾਣੇ ਸਿਲਸਿਲੇ ਦੇ ਖ਼ਾਦਮ ਸਨ । ਹਜ਼ਰਤ ਖ਼ਾਨ ਜ਼ੁਲਫ਼ਕਾਰ ਅਲੀ ਖ਼ਾਨ ਸਾਹਬ ਦੇ ਪੁਤੱਰ ਸਨ । ਇਹਨਾ ਦਾ ਪੈਤ੍ਰਿਕ ਵਤਨ ਨਜੀਬਾਬਾਦ ਜ਼ਿਲਾ ਬਿਜਨੌਰ ਸੀ । ਜੋ ਯੂ.ਪੀ. ਵਿੱਚ ਹੈ । ਡਾਕਟਰ ਨੁਸਰਤ ਜਹਾਂ ਦੇ ਦਾਦਾ ਨੇ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੀ 1900 ਈ. ਵਿੱਚ ਪਤੱਰ ਰਾਹੀਂ ਬੈਅਤ ਕੀਤੀ ਅਤੇ ਫਿਰ 1903 ਈ. ਵਿੱਚ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੀ ਸੇਵਾ ਵਿੱਚ

ਹਾਜ਼ਰ ਹੋਏ ਅਤੇ ਭੇਂਟ ਕਰਨ ਦਾ ਸੁਭਾਗ ਪ੍ਰਾਪਤ ਹੋਇਆ । ਹਜ਼ਰਤ ਮੌਲਾਨਾ ਖ਼ਾਨ ਜ਼ੁਲਫ਼ਕਾਰ ਅਲੀ ਖ਼ਾਨ ਸਾਹਬ ਸਾਹਬ ਗੌਹਰ ਨੇ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੀ ਇਛੱਾ ਅਨੁਸਾਰ ਆਪਣੇ ਪੁਤੱਰ ਨੂੰ ਧਰਮ ਲਈ ਵਕਫ਼ ਕਰਨਾ, ਮੌਲਾਨਾ ਅਬਦੁਲ ਮਾਲਿਕ ਖ਼ਾਨ ਸਾਹਬ ਨੂੰ ਬਚਪਨ ਵਿੱਚ ਹੀ ਵਕਫ਼ ਕਰ ਦਿੱਤਾ ਸੀ, ਬੇਸ਼ਕ ਉਹਨਾਂ ਦੀ ਪੈਦਾਇਸ਼ ਬਾਦ ਦੀ ਹੈ 1911 ਈ. ਵਿੱਚ ਉਹਨਾਂ ਦੀ ਪੈਦਾਇਸ਼ ਹੋਈ । ਡਾਕਟਰ ਨੁਸਰਤ ਜਹਾਂ ਸਾਹਿਬਾ ਨੇ ਪਹਿਲਾਂ ਐਮ.ਬੀ.ਬੀ. ਐਸ ਪਾਕਿਸਤਾਨ ਵਿੱਚੋਂ ਕੀਤੀ ਫਿਰ ਸਪੈਸਲਾਈਜ਼ੇਸ਼ਨ ਯੂ.ਕੇ ਤੋਂ ਕੀਤਾ । ਅਤੇ ਜੇਕਰ ਕਿਤੇ ਵੀ ਉਹ ਜਾਂਦੀ ਤਾਂ ਲਖੱਾਂ ਹੀ ਰੁਪਏ ਪ੍ਰਤੀਦਿਨ ਕਮਾ ਸਕਦੀ ਸਨ ਪਰ ਧਰਮ ਦੀ ਸੇਵਾ ਲਈ ਮਨੁਖੱਤਾ ਦੀ ਸੇਵਾ ਲਈ ਛੋਟੇ ਜਿਹੇ ਸ਼ਹਿਰ ਰਬਵਾਹ ਵਿੱਚ ਆਣ ਕੇ ਵੱਸੋਂ ਕੀਤੀ ਅਤੇ ਹਸਪਤਾਲ ਦੀ ਉਸ ਸਮੇਂ ਲੋੜ ਵੀ ਸੀ, ਉਸ ਲੋੜ ਨੂੰ ਪੂਰਾ ਕੀਤਾ ਅਤੇ ਫਿਰ ਸਾਰੀ ਉਮਰ ਨਿਰੋਲ ਹੋਕੇ ਅਜਿਹੀ ਸੇਵਾ ਕੀਤੀ ਜੋ ਅਤਿਅੰਤ ਮਿਆਰੀ ਸੀ । 1985 ਈ. ਵਿੱਚ ਫ਼ਜ਼ਲੇ ਉਮਰ ਹਸਪਤਾਲ ਵਿੱਚ ਆਪਣੀਆਂ ਸੇਵਾਵਾਂ ਦਾ ਅਰੰਭ ਕੀਤਾ ਅਤੇ 20 ਅਪ੍ਰੈਲ 1985 ਤੋਂ ਹੁਣ ਤੱਕ ਇਹ ਸੇਵਾ ਪ੍ਰਦਾਨ ਕਰਦੀ ਰਹੀਂ । ਆਪਣੇ ਇਲਾਜ ਸੰਬੰਧੀ ਛੁੱਟੀ ਲੈਕੇ 5 ਅਪ੍ਰੈਲ ਨੂੰ ਲੰਦਨ ਆਈ ਸਨ ਅਤੇ ਇਲਾਜ ਚੱਲ ਰਿਹਾ ਸੀ ਅਤੇ ਰੱਬ ਦੀ ਮਿਹਰ ਨਾਲ ਇਲਾਜ ਸਫ਼ਲ ਹੋ ਗਿਆ ਸੀ ਫਿਰ ਓਹਨਾਂ ਨੂੰ ਚੈਸਟ ਇੰਫ਼ੈਕਸ਼ਨ ਹੋਇਆ, ਜਲਸੇ ਦੇ ਬਾਦ ਇਸ ਵਿੱਚ ਵੀ ਲੱਗ ਰਿਹਾ ਸੀ ਕਿ ਪਰਤ ਗਿਆ ਹੈ ਪਰ ਫਿਰ ਅਚਾਨਕ ਹਮਲਾ ਹੋਇਆ ਅਤੇ ਮੌਤ ਹੋ ਗਈ ।

ਇਹਨਾਂ ਦੇ ਦਾਮਾਦ ਮਕਬੂਲ ਮੁਬਸ਼ੱਰ ਸਾਹਬ ਕਹਿੰਦੇ ਹਨ, ਰੱਬ ਉਪੱਰ ਅਤਿਅੰਤ ਭਰੋਸਾ ਸੀ, ਇਬਾਦਤ ਦਾ ਸ਼ੌਕ ਸੀ, ਕੁਰਆਨ ਕਰੀਮ ਨਾਲ ਅਥਾਹ ਪ੍ਰੇਮ ਸੀ, ਖ਼ਿਲਾਫ਼ਤ ਨਾਲ ਡੂੰਘਾ ਸੰਬੰਧ ਸੀ, ਪੂਰੇ ਵਿਸ਼ਵਾਸ ਨਾਲ ਖ਼ਿਲਾਫ਼ਤ ਦੀ ਆਗਿਆਕਾਰੀ, ਮਖ਼ਲੂਕ ਦੀ ਸੇਵਾ ਤੇ ਰੋਗੀਆਂ ਦੀ ਸ਼ਿਫ਼ਾ (ਸਵਾਸਥ) ਤੇ ਆਰਾਮ ਉਹਨਾਂ ਦੀ ਪ੍ਰਾਥਮਕਤਾ ਸੀ । ਅਤੇ ਇਹ ਜੋ ਗੱਲਾਂ ਇਹ ਵਰਨਣ ਕਰ ਰਹੇ ਹਨ ਮੈਂ ਵਿਅਕਤੀਗੱਤ ਰੂਪ ਵਿੱਚ ਗਵਾਹ ਹਾਂ ਇਸ ਵਿੱਚ ਕੋਈ ਮਿਲਾਵਟ ਨਹੀਂ ਹੈ ਸਗੋਂ ਹਕੀਕਤ ਵਿੱਚ ਇਹ ਗੱਲਾਂ ਹਨ ਜੋ ਉਹਨਾਂ ਵਿੱਚ ਸਨ । ਹਰ ਸਰਜਰੀ ਤੋਂ ਪਹਿਲਾਂ ਅਤੇ ਇਲਾਜ ਤੋਂ ਪਹਿਲਾਂ ਦੁਆ ਕਰਦੀ ਅਤੇ ਪ੍ਰਤੀ ਦਿਨ ਸਦਕਾ (ਦਾਨ) ਦਿੰਦੀ । ਰਬਵਾਹ ਵਿੱਚ ਮੌਜੂਦ ਬਜ਼ੁਰਗਾਂ ਨੂੰ ਆਪਣੇ ਰੋਗੀਆਂ ਦੇ ਸਵਸਥ ਹੋਣ ਲਈ ਦੁਆ ਲਈ ਕਹਿੰਦੀ ਬਹੁਤ ਸਾਰੇ ਗ਼ਰੀਬ ਰੋਗੀਆਂ ਦਾ ਆਪਣੀ ਜੇਬ ਤੋਂ ਜਾਂ ਨੇੜਲੇ ਸਜੱਣਾ ਦੇ ਖ਼ਰਚੇ ਨਾਲ ਇਲਾਜ ਕਰਦੀ ਸਨ । ਜਮਾਤ ਦੇ ਪੈਸਿਆਂ ਦਾ ਵੀ ਬਹੁਤ ਦਰਦ ਸੀ ਹਰ ਸਮੇਂ ਜਤਨ ਕਰਦੀ ਕਿ ਘੱਟ ਤੋਂ ਘੱਟ ਖਰਚ ਹੋਵੇ । ਜਮਾਤ ਦਾ ਇਕ ਰੁਪਈਆ ਵੀ ਨਸ਼ਟ ਨ ਹੋਵੇ ।

ਡਾਕਟਰ ਨੁਸਰਤ ਮਜੋਕਾ ਸਾਹਿਬਾ ਹਨ ਫ਼ਜ਼ਲੇ ਉਮਰ ਹਸਪਤਾਲ ਵਿੱਚ, ਕਹਿੰਦੀ ਹਨ ਡਾਕਟਰ ਨੁਸਰਤ ਜਹਾਂ ਸਾਹਿਬਾ ਨਾਲ ਮੇਰਾ ਅਠਾਰ੍ਹਾਂ ਸਾਲ ਤੋਂ ਸੰਬੰਧ ਸੀ ਅਤੇ ਮੈਂ ਹਾਊਸ ਜਾਬ ਕਰਦਿਆਂ ਹੀ ਗਾਈਨੀ ਵਿਭਾਗ ਵਿੱਚ ਫ਼ਜ਼ਲੇ ਉਮਰ ਹਸਪਤਾਲ ਦਾ ਹਿਸੱਾ ਬਣ ਗਈ । ਮੇਰੀ ਸਾਰੀ ਪ੍ਰੋਫ਼ੈਸ਼ਨਲ ਟ੍ਰੇਨਿੰਗ ਡਾਕਟਰ ਸਾਹਿਬਾ ਨੇ ਕੀਤੀ । ਉਹ ਇਕ ਕਾਬਲ ਤੇ ਯੋਗ ਉਸਤਾਦ ਸਨ, ਸਾਨੂੰ ਜੀਵਨ ਦੇ ਹਰ ਭਾਗ ਵਿੱਚ ਉਹਨਾਂ ਤੋਂ ਮਾਰਗ ਦਰਸ਼ਨ ਮਿਲਦਾ ਰਿਹਾ ਸੀ । ਦ੍ਰਿੜ੍ਹ ਤੇ ਸੰਪੂਰਨ ਸਨ, ਰੱਬ ਨੇ ਉਹਨਾਂ ਨੂੰ ਅਸਾਧਾਰਣ ਯੋਗਤਾਵਾਂ ਨਾਲ ਨਿਵਾਜਿਆ ਹੋਇਆ ਸੀ । ਉਹ ਇਕ ਆਗਿਆਕਾਰ ਤੇ ਹਮਦਰਦ ਪੁਤੱਰੀ ਸਨ ਅਤੇ ਇਕ ਸ਼ਫ਼ੀਕ ਮਾਂ ਵੀ । ਇਕ Disciplined ਉਸਤਾਦ ਵੀ ਸਨ ਅਤੇ ਸਹਾਇਕ ਭੈਣ ਵੀ ਤੇ ਮਿੱਤਰ ਵੀ । ਕਹਿੰਦੀ ਹਨ ਕਿ ਉਹਨਾਂ ਦਾ ਸਾਰਾ ਜੀਵਨ ਕੁਰਬਾਨੀ ਨਾਲ ਅੰਕਿਤ ਹੈ, ਉਹਨਾਂ ਦੇ ਜਮਾਤ ਦੀ ਸੇਵਾ ਲਈ ਆਪਣਾ ਵਿਅਤੀਗੱਤ ਜੀਵਨ ਬਹੁਤ ਪਿੱਛੇ ਛੱਡ ਦਿੱਤਾ ਸੀ ।

ਡਾਕਟਰ ਨੂਰੀ ਸਾਹਿਬ ਕਹਿੰਦੇ ਹਨ ਕਿ ਬੀਤੇ ਨੌ ਸਾਲਾਂ ਤੋਂ ਅਧਿਕ ਸਮੇਂ ਤੋਂ ਡਾਕਟਰ ਨੁਸਰਤ ਜਹਾਂ ਸਾਹਿਬਾ ਨਾਲ ਫ਼ਜ਼ਲੇ ਉਮਰ ਹਸਪਤਾਲ ਨੇ ਜ਼ੁਬੈਦਹ ਬਾਨੀ ਵਿੰਗ ਅਤੇ ਤਾਹਿਰ ਇੰਸਟੀਚੀਊਟ ਵਿੱਚ ਕੰਮ ਕਰਨ ਦਾ ਮੌਕਾ ਮਿਲਿਆ । ਕੁਝ ਅਜਿਹੇ ਗੁਣ ਸਨ ਜੋ ਅੱਜ ਕੱਲ ਬਹੁਤ ਹੀ ਘੱਟ ਡਾਕਟਰਾਂ ਵਿੱਚ ਵੇਖਣ ਨੂੰ ਮਿਲਦੇ ਹਨ । ਬਹੁਤ

ਨੇਕ ਦੁਆਵਾਂ ਕਰਨ ਵਾਲੀ, ਉੱਚੇ ਆਚਰਣ ਰਖੱਣ ਵਾਲੀ, ਰੱਬ ਦਾ ਖ਼ੌਫ਼ ਰਖੱਣ ਵਾਲੀ, ਆਪਣੇ ਰੋਗੀਆਂ ਲਈ ਦੁਆ ਕਰਨ ਵਾਲੀ, ਪਰਦੇ ਦਾ ਸੂਖਮਤਾ ਨਾਲ ਪਬੰਧੀ ਕਰਨ ਵਾਲੀ, ਕੁਰਆਨ ਕਰੀਮ ਦਾ ਬਹੁਤ ਗਿਆਨ ਰਖੱਣ ਵਾਲੀ ਅਤੇ ਹਜ਼ਰਤ ਮੁਹਮੱਦ ਮੁਸਤਫ਼ਾ ਸਲਲੱਾਹੁ ਅਲੈਹਿ ਵਸਲਮ ਤੇ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੇ ਪਦਚਿੰਨ੍ਹਾ ਉਪੱਰ ਅਮਲ ਕਰਨ ਵਾਲੀ ਇਸਤਰੀ ਸਨ । ਆਪਣੇ ਫ਼ਨ ਵਿੱਚ ਬਹੁਤ ਮਾਹਰ ਸਨ । ਨਵੀਨ ਟੈਨਾਲੋਜੀ ਨਾਲ ਜਾਨਕਾਰੀ ਰਖੱਣ ਵਾਲੀ ਸਨ ਅਤੇ ਆਪਣੇ ਗਿਆਨ ਨੂੰ ਨਵੇਂ ਤਕਾਦਿਆਂ ਅਨੁਸਾਰ ਢਾਲਕੇ ਕੰਮ ਕਰਦੀ ਸਨ । ਕਦੇ ਵੀ ਆਪਣੇ ਕੰਮ ਦੌਰਾਨ ਸਮੇਂ ਦੀ ਪਰਵਾਹ ਨਹੀਂ ਕੀਤੀ ਅਤੇ ਪ੍ਰਾਪਤ ਸਹੂਲਤਾਂ ਤੋਂ ਨਜਾਇਜ਼ ਲਾਭ ਨਹੀਂ ਉਠਾਇਆ । ਐਮਰਜੈਂਸੀਂ ਰੋਗੀਆਂ ਦੀ ਅਵਸਥਾ ਅਨੁਸਾਰ ਆਪਣੀਆਂ ਛੁੱਟੀਆਂ ਨੂੰ ਕੁਰਬਾਨ ਕਰਕੇ ਬਾਰ੍ਹਾਂ ਬਾਰ੍ਹਾਂ ਘੰਟੇ ਕੰਮ ਕਰਦੀ ਰਹਿੰਦੀ । ਗ਼ੈਰ ਅਹਮਦੀ ਮਰੀਜ਼ ਵੀ ਉਹਨਾਂ ਕੋਲ ਬਹੁਤ ਆਉਂਦੇ ਸਨ । ਇਕ ਵਾਰ ਉਹਨਾਂ ਨੇ ਆਪ ਦੱਸਿਆ ਕਿ ਚਿਨਿਓਟ ਦੇ ਗ਼ੈਰ ਅਹਮਦੀ ਮੌਲਵੀ ਸਾਹਬ ਆ ਗਏ, ਉਹਨਾਂ ਦੀ ਪਤਨੀ ਦੇ ਸੰਤਾਨ ਨਹੀਂ ਹੁੰਦੀ ਸੀ, ਉਹਨਾਂ ਦੇ ਇਲਾਜ ਨਾਲ ਨਾਲ ਰੱਬ ਦੀ ਮਿਹਰ ਨਾਲ ਉਮੀਦ ਬਣੀ ਤਾਂ ਕਹਿੰਦੀ ਹਨ ਕਿ ਹੁਣ ਇਹ ਮੌਲਵੀ ਨੌ ਮਹੀਨਿ ਤਾਂ ਮੇਰੇ ਕਾਬੂ ਵਿੱਚ ਹਨ ਅਤੇ ਉਹਨਾਂ ਨੂੰ ਬਹੁਤ ਤਬਲੀਗ਼ ਕੀਤੀ ।

ਮੁਬਸ਼ੱਰ ਇਯਾਜ਼ ਸਾਹਬ ਸਾਡੇ ਜਾਮਿਆ ਅਹਮਦੀਆ ਰਬਵਾਹ ਦੇ ਪ੍ਰਿੰਸੀਪਲ, ਉਹਨਾਂ ਦੀ ਹੁਸ਼ਿਆਰੀ ਤੇ ਪਰਦੇ ਬਾਰੇ ਲਿਖੱਦੇ ਹਨ ਕਿ ਸਾਡੀ ਇਹ ਡਾਕਟਰ ਸਾਹਿਬਾ ਵੀ ਬੁਰਕੇ ਵਿੱਚ ਸੁਸੱਜਿਤ ਐਨ ਪਰਦੇ ਦੀ ਸੁੰਦਰ ਸੂਰਤ ਨੂੰ ਧਾਰਣ ਕੀਤੇ ਹੋਏ ਉਹ ਫ਼ੌਜੀ ਨੌਜੁਆਨਾਂ ਵਾਂਗ ਦੋੜਦੀ ਨਸੱਦੀ ਨਜ਼ਰ ਆਉਂਦੀ ਸਨ । ਜੋ ਇਸਤਰੀਆਂ ਪਰਦੇ ਨੂੰ ਰੋਕ ਸਮਝਦੀਆਂ ਹਨ ਉਹਨਾਂ ਲਈ ਚੰਗਾ ਰੋਲ ਮਾਡਲ ਸਨ । ਇਕ ਉਹਨਾਂ ਦੀ ਸਟਾਫ਼ ਨਰਸ ਜਮੀਲਾ ਸਾਹਿਬਾ ਲਿਖੱਦੀ ਹਨ ਕਿ ਕਿ ਡਾਕਟਰ ਸਾਹਿਬਾ ਦੀ ਵਫ਼ਾਤ ਦਾ ਬਹੁਤ ਦੁੱਖ ਹੈ । ਡਾਕਟਰ ਸਾਹਿਬਾ ਇਕ ਬਹੁਤ ਹੀ ਚੰਗੀ ਅਤੇ ਖ਼ੁਸ਼ ਅਖ਼ਲਾਕ ਡਾਕਟਰ ਸਨ । ਸਾਡਾ ਸਾਰਿਆਂ ਦਾ ਬਹੁਤ ਧਿਆਨ ਰਖੱਣ ਵਾਲੀ ਸਨ, ਬੱਚਿਆਂ ਵਾਂਗ ਸਾਨੂੰ ਪਿਆਰ ਕਰਦੀ ਸਨ ਅਤੇ ਬਹੁਤ ਖ਼ਿਆਲ ਰਖੱਦੀ ਸਨ । ਜੋ ਵੀ ਗ਼ਰੀਬ ਰੋਗੀ ਆਉਂਦਾ ਉਸ ਨੂੰ ਪਰਚੀ ਦੇ ਪੈਸੇ ਵੀ ਵਾਪਸ ਕਰ ਦਿੰਦੀ ਅਤੇ ਦਵਾਈ ਵੀ ਆਪਣੇ ਕੋਲੋਂ ਦੇ ਦਿੰਦੀ ਸਨ ।

ਫਿਰ ਉਹਨਾਂ ਦੀ ਇਕ ਮਰੀਜ਼ਾ (ਰੋਗਿਣੀ) ਲਿਖੱਦੀ ਹਨ ਕਿ ਇਕ ਵਾਰ ਮੇਰਾ ਇਲਾਜ ਕਰ ਰਹੀ ਸਨ ਅਤੇ ਵਾਕਫ਼ੇ ਜ਼ਿੰਦਗੀ ਦੀ ਪਤਨੀ ਹੋਣ ਦੇ ਸਬਬ ਬਹੁਤ ਧਿਆਨ ਦਿੰਦੀਂ ਸਨ । ਅਲਟ੍ਰਾਸਾਉਂਡ ਕਰਵਾਉਣਾ ਸੀ ਤਾਂ ਆਪਣੀ ਸਾਹਇਕ ਨੂੰ ਕਿਹਾ ਕਿ ਇਹਨਾਂ ਦਾ ਅਲਟ੍ਰਾਸਾਉਂਡ ਕਰਾ ਲਿਆਓ । ਉਸ ਸਮੇਂ ਬਹੁਤ ਰੱਸ਼ ਸੀ ਇਕ ਕੁਰਸੀ ਸੀ ਓਥੇ ਜਿਸ'ਤੇ ਇਕ ਗ਼ਰੀਬ ਜਿਹੀ ਇਸਤਰੀ ਬੈਠੀ ਹੋਈ ਸੀ ਤਾਂ ਉਸ ਇਸਤਰੀ ਨੇ ਜੋ ਅਸਿਸਟੈਂਟ ਸਹਾਇਕ ਸੀ ਉਸ ਨੇ ਉਸ ਇਸਤਰੀ ਨੂੰ ਉਠਾਕੇ ਕਿਉਕਿ ਡਾਕਟਰ ਸਾਹਿਬਾ ਨੇ ਭੇਜਿਆ ਸੀ, ਉਸ ਮਰੀਜ਼ਾ ਨੂੰ ਉਸ ਕੁਰਸੀ'ਤੇ ਬਿਠਾਉਣਾ ਚਾਹਿਆ ਤਾਂ ਦੇਖਿਆ ਕਿ ਅਚਾਨਕ ਪਿੱਛੋਂ ਆਵਾਜ਼ ਆਈ ਕਿ ਨਹੀਂ ਤੁਸੀ ਇਸ ਕੁਰਸੀ'ਤੇ ਨਹੀਂ ਇਸ'ਤੇ ਬੈਠੋ । ਦੇਖਿਆ ਤਾਂ ਡਾਕਟਰ ਸਾਹਿਬਾ ਆਪ ਇਕ ਕੁਰਸੀ ਉਠਾ ਕੇ ਲਿਆ ਰਹੀ ਸਨ ਤਾਂ ਜੋ ਦੂਜੀ ਗ਼ਰੀਬ ਮਰੀਜ਼ਾ ਨੂੰ ਇਹ ਅਹਿਸਾਸ ਨ ਹੋਵੇ ਕਿ ਮੈਂਨੂੰ ਉਠਾਇਆ ਗਿਆ ਹੈ ਕਿਉਂਕਿ ਰੋਗੀ ਸਾਰੇ ਇੱਕੋ ਜਿਹੇ ਹੁੰਦੇ ਹਨ । ਦੂਜੇ ਪਾਸੇ ਇਹ ਹਾਲਤ ਦੇਖਕੇ ਇਹ ਵੀ ਸੀ ਕਿ ਬੈਠਣ ਦੀ ਥਾਂ ਮਿਲ ਜਾਏ ਇਸ ਲਈ ਆਪ ਹੀ ਕੁਰਸੀ ਚੁੱਕ ਕੇ ਲੈ ਆਈਂ ਅਤੇ ਆਪਣੇ ਮਰੀਜ਼ ਨੂੰ ਉਸ'ਤੇ ਬਿਠਾ ਦਿਤੱਾ ।

ਆਪ ਦੀ ਪੁਤੱਰੀ ਨੁਦੱਰਤ ਆਇਸ਼ਾ ਸਾਹਿਬਾ ਲਿਖੱਦੀ ਹਨ ਕਿ ਮੇਰੀ ਅੱਮੀ ਇਕ ਮਿਸਾਲੀ ਮਾਂ ਅਤੇ ਅਤਿਅੰਤ ਪਿਆਰ ਕਰਨ ਵਾਲੀ ਵੁਜੂਦ ਸਨ ਮੇਰੇ ਅਤੇ ਮੇਰੇ ਬੱਚਿਆ ਲਈ ਬੇਹੱਦ ਦੁਆਵਾਂ ਕੀਤਾ ਕਰਦੀ ਸਨ ਜੱਦ ਕੋਈ ਮੁਸ਼ਕਲ ਪੇਸ਼ ਆਉਂਦੀ ਤਾਂ ਝੱਟ ਅਮੀ ਨੂੰ ਫ਼ੋਨ ਕਰ ਦਿੰਦੀ ਅਤੇ ਬੇ ਫ਼ਿਕਰ ਹੋ ਜਾਂਦੀ ਅਤੇ ਰੱਬ ਦੀ ਮਿਹਰ ਨਾਲ

ਬਾਦ ਵਿੱਚ ਉਹ ਕੰਮ ਸੌਖਾ ਵੀ ਹੋ ਜਾਂਦਾ । ਫਿਰ ਮੈਂਨੂੰ ਕਹਿੰਦੀ ਕਿ ਤੁਸੀਂ ਸਜੱਦਾਇ ਸ਼ੁਕਰਾਨਾ ਕਰੋ । ਅਤਿਅੰਤ ਰੁਝੇਵਿਆਂ ਦੇ ਹੁੰਦਿਆਂ ਹੋਇਆ ਵੀ ਮੇਰੀ ਪਰਵਰਿਸ਼ ਅਤੇ ਤਰਬੀਯਤ ਵਿੱਚ ਮਹਤੱਵਪੂਰਨ ਰੋਲ ਅਦਾ ਕੀਤਾ । ਅਤਿਅੰਤ ਬੁਲੰਦ ਹੌਸਲੇ ਤੇ ਹਿਮੱਤ ਵਾਲੀ ਸਨ ਕਿ ਮੈਂਨੂੰ ਮਾਂ ਤੇ ਬਾਪ ਦੋਵੇਂ ਬਣਕੇ ਪਾਲਿਆ, ਕਦੇ ਅਹਿਸਾਸ ਹੁੰਦਾ ਅਤੇ ਕਹਿੰਦੀ ਜੇਕਰ ਉਹਨਾਂ ਨੂੰ ਅਹਿਸਾਸ ਹੁੰਦਾ ਕਿ ਸਹੀ ਢੰਗ ਨਾਲ ਸੇਵਾ ਨਹੀਂ ਕਰ ਸਕੀ ਬੇਟੀ ਦੀ ਤਾਂ ਕਹਿੰਦੀ ਕਿ ਮੈਂ ਆਪਣੀ ਬੇਟੀ ਨੂੰ ਰੁਝੇਵਿਆਂ ਕਰਕੇ ਐਨ੍ਹਾ ਸਮਾਂ ਨਹੀਂ ਦੇ ਸਕਦੀ ਪਰ ਫਿਰ ਝੱਟ ਕਹਿੰਦੀ ਕਿ ਜੋ ਸਮਾਂ ਮਨੁਖੱਤਾ ਦੀ ਸੇਵਾ ਵਿੱਚ ਲੰਘੇ ਉਸ ਦੀ ਮਹਤੱਾ ਬਹੁਤ ਅਧਿਕ ਹੈ, ਅਲੱਾਹ ਤਆਲਾ ਮੇਰੀ ਸੰਤਾਨ ਦੇ ਕੰਮ ਆਪ ਖ਼ੁੱਦ ਕਰ ਦੇਵੇਗਾ । ਹਮੇਸ਼ਾ ਮੈਂਨੂੰ ਕਿਹਾ ਕਰਦੀ ਸਨ ਕਿ ਰੱਬ ਉਪੱਰ ਭਰੋਸਾ ਕਰਨਾ ਅਤੇ ਖ਼ਿਲਾਫ਼ਤ ਨਾਲ ਆਪਣੇ ਆਪ ਨੂੰ ਅਤੇ ਆਪਣੀ ਸੰਤਾਨ ਨੂੰ ਜੋੜੀ ਰਖੱਣਾ । ਇਕ ਵਾਰ ਕਹਿੰਦੀ ਹਨ ਮੇਰੀ ਬੇਟੀ ਆਲੀਆ ਪੰਦਰਾਂ ਦਿਨਾਂ ਲਈ ਰਬਵਾਹ ਆਈ ਹੋਈ ਸੀ ਉਸ ਨੂੰ ਆਪਣੇ ਵਿਭਾਗ ਦੇ ਕੰਮ ਵਿੱਚ ਸ਼ਾਮਲ ਕਰ ਲਿਆ ਕਿ ਟਾਇਪਿੰਗ ਵਿੱਚ ਮਦਦ ਕਰੋ ਕਿਉਂਕਿ ਟਾਇਪਿੰਗ ਵਿੱਚ ਤੁਹਾਡੀ ਸਪੀਡ ਚੰਗੀ ਹੈ ਅਤੇ ਜਮਾਤ ਦੀ ਸੇਵਾ ਕਰਨਾ ਇਕ ਖ਼ੁਸ਼ਨਸੀਬੀ ਹੈ ਅਤੇ ਤੁਸੀਂ ਇਸ ਵਿੱਚ ਹਿਸੱਾ ਪਾਓ । ਆਪਰੇ ਕੰਮ ਦੀ ਅਜਿਹੀ ਧੁੰਨ ਸੀ ਕਿ ਬਿਮਾਰੀ ਦੇ ਅਖੀਰਲੇ ਦਿਨਾਂ ਵਿੱਚ ਵੀ ਹਸਪਤਾਲ ਦਾ ਨਾਂ ਸੁਣਕੇ ਉਹਨਾਂ ਦੇ ਚਿਹਰੇ ਉਪੱਰ ਮੁਸਕਰਾਹਟ ਆ ਜਾਂਦੀ ਸੀ ਅਤੇ ਬੇਹੋਸ਼ੀ ਦੀ ਹਾਲਤ ਵਿੱਚ ਵੀ ਹਸਪਤਾਲ ਦੇ ਆਪ੍ਰੇਸ਼ਨ ਥਿਏਟਰ ਅਤੇ ਮਸ਼ੀਨ ਬਨਾਉਣ ਵਾਲੀ ਕੰਪਨੀਆਂ ਦਾ ਨਾਂ ਲੈਂਦੀ, ਜਿਸ ਨੂੰ ਸੁਣ ਕੇ ਅੰਗ੍ਰੇਜ਼ ਨਰਸਾਂ ਵੀ ਹੈਰਾਨ ਰਹਿ ਜਾਦੀਆਂ ਅਤੇ ਮੈਂਨੂੰ ਪੁਛੱਦੀਆਂ ਕਿ ਇਹ ਕੀ ਕਹਿ ਰਹੀ ਹਨ । ਰੱਬ ਦੇ ਵੁਜੂਦ ਉਪੱਰ ਅਤਿਅੰਤ ਤਵਕੱਲ (ਭਰੋਸਾ) ਸੀ ਸਖ਼ਤ ਬਿਮਾਰੀ ਦੀ ਅਵਸਥਾ ਵਿੱਚ ਵੀ ਜੱਦ ਕੁਝ ਬੋਲ ਨਹੀਂ ਸਕਦੀ ਸਨ, ਜੱਦ ਸਪੀਕਿੰਗ ਵਾਲਿਆਂ ਨੂੰ ਲੱਗਿਆ ਕਿ ਜੋ ਪਹਿਲਾ ਵਾਕ ਅਮੀ ਨੇ ਕਿਹਾ ਉਹ ਇਹ ਸੀ ਕਿ ਮੇਰੀ ਬੇਟੀ ਰੱਬ ਉਪੱਰ ਛੱਡ ਦਿਓ ਅਤੇ ਜੇਕਰ ਮੈਂ ਰੋਣ ਲਗੱਦੀ ਤਾਂ ਅੱਖ ਦੇ ਇਸ਼ਾਰੇ ਨਾਲ ਰੱਬ ਵੱਲ ਸੰਕੇਤ ਕਰਦੀਂ ।

ਅਲੱਾਹ ਤਆਲਾ ਉਹਨਾਂ ਦੀ ਇਕਲੌਤੀ ਪੁਤੱਰੀ ਨੂੰ ਵੀ ਸਬਰ ਤੇ ਹੌਂਸਲਾ ਪ੍ਦਾਨ ਕਰੇ ਅਤੇ ਜੋ ਉਸਦੀ ਮਾਂ ਨੇ ਉਸ ਨੂੰ ਜੋ ਨਸੀਹਤਾਂ ਕੀਤੀਆਂ ਹਨ ਅਤੇ ਉਸ ਤੋਂ ਆਸ ਰੱਖੀ ਹੈ ਅਲੱਾਹ ਤਆਲਾ ਉਹਨਾਂ ਉਪੱਰ ਉਸਨੂੰ ਪੂਰਾ ਉਤਰਨ ਦੀ ਤੌਫ਼ੀਕ ਪ੍ਦਾਨ ਕਰੇ । ਅਲੱਾਹ ਤਆਲਾ ਉਸ ਬੱਚੀ ਨੂੰ ਹਮੇਸ਼ਾ ਆਪਣੀ ਸੁਰੱਖਿਆ ਵਿੱਚ ਰੱਖੇ ਅਤੇ ਉਸ ਦੀ ਸੰਤਾਨ ਨੂੰ ਵੀ । ਮਰਹੂਮਾ ਦੇ ਵੀ ਦਰਜੇ ਬੁਲੰਦ ਕਰੇ ਅਤੇ ਰੱਬ ਫ਼ਜ਼ਲੇ ਉਮਰ ਹਸਪਤਾਲ ਨੂੰ ਵੀ ਸੇਵਾ ਕਰਨ ਵਾਲੀ ਅਤੇ ਵਫ਼ਾਦਾਰੀ ਨਾਲ ਆਪਣੇ ਕੰਮ ਨੂੰ ਪੂਰਾ ਕਰਨ ਵਾਲੀ ਤੇ ਵਫ਼ਾਦਾਰੀ ਨਾਲ ਜਮਾਤ ਨਾਲ ਜੁੜੇ ਰਹਿਣ ਵਾਲੀ ਤੇ ਖ਼ਿਲਾਫ਼ਤ ਦੀ ਅਗਿਆਕਾਰ ਹੋਰ ਵਧੇਰੇ ਡਾਕਟਰ ਵੀ ਦਿੰਦਾ ਰਹੇ ਅਤੇ ਜੋ ਮੌਜੂਦ ਹਨ ਉਹਨਾਂ ਨੂੰ ਵੀ ਰੱਬ ਇਸ ਕੰਮ ਵਿੱਚ ਵਧਾਉਂਦਾ ਚਲਾ ਜਾਵੇ ।

**Khulasa Khutba Jumma 21.10.2016**
Delivered By : Hadhrat Khalifatul Masih Vth (atba)
Summarized by : Majlis Ansarullah Bharat
Tarnslated by : Shamshad Ahmad Eden, from Punjabi Desk
From : Nazarat Nashr-o-Isha'at Qadian-143516, Distt. Gurdaspur, Punjab (INDIA)

Toll Free Shoba Noorul Islam-1800-3010-2131